ਪਨਬੱਸ ਵਿਚ ਕੰਟਰੈਕਟ ਦੇ ਆਧਾਰ ਤੇ ਇੱਕ ਕਾਰਜਕਾਰੀ ਇੰਜੀਨੀਅਰ (ਸਿਵਲ), ਸਹਾਇਕ ਇੰਜੀਨੀਅਰ (ਐਸ.ਡੀ.ਓ) ਸਿਵਲ ਅਤੇ ਇੱਕ ਡਰਾਫਟਸਮੈਨ ਦੀਆਂ ਆਸਾਮੀਆਂ ਤਨਖਾਹ, ਮਾਪਦੰਡ ਅਤੇ ਸ਼ਰਤਾਂ ਹੇਠ ਦਰਸਾਏ ਅਨੁਸਾਰ ਹਨ:

1. ਤੁਹਾਨੂੰ ਮਿਲਣ ਵਾਲੀ ਤਨਖਾਹ Last Pay Drawn (LPC) minus Pension plus DA ਦਾ ਅੰਤਰ ਮਿਲਣਯੋਗ ਹੋਵੇਗੀ। ਇਸ ਤੋ ਇਲਾਵਾ ਹੋਰ ਕੋਈ ਭੱਤਾ ਮਿਲਣਯੋਗ ਨਹੀਂ ਹੋਵੇਗਾ।
2. ਪਨਬੱਸ ਵਿੱਚ ਤੁਹਾਡੀਆਂ ਸੇਵਾਵਾਂ 65 ਸਾਲ ਦੀ ਉਮਰ ਤੱਕ ਲਈ ਜਾਣਗੀਆਂ।
3. ਤੁਹਾਡੇ ਵੱਲੋਂ ਮੈਡੀਕਲ ਤੌਰ ਤੇ ਫਿਟ ਹੋਣ ਦਾ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।
4. ਇਸ ਅਸਾਮੀ ਲਈ ਤੁਹਾਡਾ ਕਾਰਜਕਾਲ ਇੱਕ ਸਾਲ ਦਾ ਹੋਵੇਗਾ। ਤੁਹਾਡੇ ਕੰਮ ਕਾਜ ਦੀ ਸਮੀਖਿਆ ਉਪਰੰਤ ਮੈਨੇਜਿੰਗ ਡਾਇਰੈਕਟਰ, ਪਨਬੱਸ ਵਿੱਚ ਵਾਧਾ ਕਰਨ/ਖਤਮ ਕਰਨ ਲਈ ਅਧਿਕਾਰਤ ਹੋਣਗੇ।
5. ਤੁਹਾਨੂੰ ਮੁੜ ਨਿਯੁਕਤੀ ਦੀ ਸੇਵਾ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਮੰਦਭਾਗੀ ਦੁਰਘਟਨਾ ਵਾਪਰਣ ਤੇ ਤੁਹਾਨੂੰ ਜਾਂ ਤੁਹਾਡੇ ਆਸ਼ਰਿਤ ਨੂੰ ਕੋਈ ਹੋਰ Incentive/benefit ਮਿਲਣਯੋਗ ਨਹੀਂ ਹੋਵੇਗਾ।
6. ਤੁਹਾਡੇ ਵਿਰੁੱਧ ਕੋਈ ਵਿਭਾਗੀ ਜਾਂਚ/ਕੋਰਟ ਕੇਸ/ਵਿਜੀਲੈਂਸ ਕੇਸ ਜਾਂ ਫੌਜਦਾਰੀ ਚਲਦਾ ਨਾ ਹੋਵੇ। ਜੇਕਰ ਕੰਟਰੈਕਟ ਦੇ ਆਧਾਰ ਤੇ ਨਿਯੁਕਤੀ ਦੀ ਸੇਵਾ ਦੌਰਾਨ ਤੁਹਾਡੇ ਵਿਰੁੱਧ ਕੋਈ ਫੌਜਦਾਰੀ, ਵਿਜੀਲੈਂਸ ਇੰਨਕੁਆਰੀ, ਮੁਕੱਦਮਾ, ਕਰੱਪਸ਼ਨ ਆਦਿ ਦਾ ਕੇਸ ਸਾਹਮਣੇ ਆਉਂਦਾ ਹੈ ਤਾਂ ਤੁਹਾਡੀ ਕੰਟਰੈਕਟ ਦੇ ਆਧਾਰ ਤੇ ਕੀਤੀ ਗਈ ਨਿਯੁਕਤੀ ਬਿਨ੍ਹਾਂ ਕਿਸੇ ਨੋਟਿਸ ਦੇ ਆਧਾਰ ਤੇ ਰੱਦ ਕਰ ਦਿੱਤੀ ਜਾਵੇਗੀ ਅਤੇ ਰੂਲਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।
7. ਤੁਹਾਨੂੰ ਮਹੀਨੇ ਵਿੱਚ ਇੱਕ ਅਚਨਚੇਤ ਛੁੱਟੀ ਅਤੇ ਕਲੰਡਰ ਸਾਲ ਵਿੱਚ 10+2 ਛੁੱਟੀਆਂ ਮਿਲਣਯੋਗ ਹੋਣਗੀਆਂ। ਇਸ ਤੋਂ ਇਲਾਵਾ ਇੱਕ ਸਮੇਂ ਚਾਰ ਤੋਂ ਵੱਧ ਛੁੱਟੀਆਂ ਮਿਲਣਯੋਗ ਨਹੀਂ ਹੋਣਗੀਆਂ। ਇਹ ਛੁੱਟੀਆਂ ਅਗਲੇ ਚਾਲੂ ਸਾਲ ਦੌਰਾਨ ਟਰਾਂਸਫਰ ਨਹੀਂ ਹੋਣਗੀਆਂ।
8. ਜੇਕਰ ਤੁਸੀ ਕਿਸੇ ਮੌਕੇ ਆਪਣੀ ਨੌਕਰੀ/ਕੰਟਰੈਕਟ ਤੋਂ ਅਸਤੀਫਾ ਦੇਣ ਚਾਹੇ ਤਾਂ ਇਹ ਲਾਜਮੀ ਹੋਵੇਗਾ ਕਿ ਤੁਸੀ ਇੱਕ ਮਹੀਨੇ ਦਾ ਨੋਟਿਸ ਦੇਵੇਗੇ ਜਾਂ ਉਸ ਦੇ ਬਦਲੇ ਇੱਕ ਮਹੀਨੇ ਦੀ ਤਨਖਾਹ ਜਮ੍ਹਾ ਕਰਵਾਓਗੇ।
9. ਤੁਹਾਡੀ ਸੇਵਾਵਾਂ ਦੀ ਲੋੜ ਨਾ ਹੋਣ ਜਾਂ ਪ੍ਰਬੰਧਕੀ ਕਾਰਨਾਂ ਕਰਕੇ ਪੱਨਬੱਸ ਇਹ ਮੁੜ ਨਿਯੁਕਤੀ ਨੂੰ ਬਿਨ੍ਹਾਂ ਕਿਸੇ ਨੋਟਿਸ ਤੋਂ ਰੱਦ ਕਰ ਸਕਦੀ ਹੈ।
10. ਤੁਹਾਨੂੰ ਕਿਸੇ ਹੋਰ ਕੰਪਨੀ ਵਿੱਚ ਕੰਮ ਕਰਨ ਦੀ ਆਗਿਆ ਨਹੀਂ ਹੋਵੇਗੀ।
11. ਇਹ ਨਿਯੁਕਤੀ ਨਿਰੋਲ ਕੰਟਰੈਕਟ ਦੇ ਆਧਾਰ ਤੇ ਹੋਵੇਗੀ ਅਤੇ ਤੁਹਾਨੂੰ ਕੋਈ ਹੱਕ ਨਹੀਂ ਹੋਵੇਗਾ ਕਿ ਤੁਸੀ ਆਪਣੀ ਸਰਵਿਸ ਨੂੰ ਰੈਗੂਲਰ ਸਮਝੋ।
12. ਤੁਹਾਡਾ ਕੰਮਰਾਜ ਅਤੇ ਆਚਰਣ ਤਸਲੀਬੱਖਸ਼ ਨਾ ਹੋਣ ਦੀ ਸੂਰਤ ਵਿੱਚ ਤੁਹਾਡਾ ਕੰਟਰੈਕਟ ਬਿਨਾ ਨੋਟਿਸ ਦਿੱਤੇ ਕਿਸੇ ਵੀ ਸਮੇਂ ਖਤਮ ਕੀਤਾ ਜਾ ਸਕਦਾ ਹੈ।

ਪਨਬੱਸ, ਮੁੱਖ ਦਫਤਰ ਵਿਖੇ ਕੰਟਰੈਕਟਰ ਦੇ ਆਧਾਰ ਤੇ ਕਾਰਜਕਾਰੀ ਇੰਜੀਨੀਅਰ (ਸਿਵਲ) ਪਨਬੱਸ, ਸਹਾਇਕ ਇੰਜੀਨੀਅਰ (ਐਸ.ਡੀ.ਓ) ਸਿਵਲ ਅਤੇ ਡਰਾਫਟਸਮੈਨ ਪਨਬੱਸ ਕੰਟਰੈਕਟ ਦੀ ਅਸਾਮੀ ਲਈ ਬਿਨੈ ਪੱਤਰ ਦਾ ਪ੍ਰੋਫਾਰਮਾ:

## ਬਿਨੈ ਪੱਤਰ ਦਾ ਪ੍ਰੋਫਾਰਮਾ

ਬਿਨੈਕਾਰ ਦੀ ਤਸਦੀਕਸ਼ੁਦਾ ਫੋਟੋ

1. ਆਸਾਮੀ ਦਾ ਨਾਮ: ..........................................................
2. ਪੂਰਾ ਨਾਮ: ..........................................................
3. ਪਿਤਾ ਦਾ ਨਾਮ: ..........................................................
4. ਜਨਮ ਮਿਤੀ: ..........................................................

   (ਉਮਰ 64 ਸਾਲ ਤੋਂ ਵੱਧ ਨਾ ਹੋਵੇ)
5. ਕੌਮੀਅਤ: ..........................................................
6. ਪੱਤਰ ਵਿਹਾਰ ਦਾ ਪਤਾ: ..........................................................
7. ਪੱਕਾ ਪਤਾ: ..........................................................
8. ਮੋਬਾਇਲ/ਫੋਨ ਨੰਬਰ ਅਤੇ ਈ-ਮੇਲ ਪਤਾ: ................................................
9. ਸੇਵਾ ਨਵਿਰਤੀ ਸਬੰਧੀ ਸੂਚਨਾਂ:

| ਲੜੀ ਨੰ. | ਬਿਨੈਕਾਰ ਜਿਸ ਵਿਭਾਗ ਤੋਂ ਨਵਿਰਤ ਹੋਇਆ ਹੈ, ਉਸ ਵਿਭਾਗ ਦਾ ਨਾਮ | ਸੇਵਾ ਨਵਿਰਤੀ ਦੀ ਮਿਤੀ | ਬਿਨੇਕਾਰ ਜਿਸ ਆਹੁਦੇ ਤੋਂ ਰਿਟਾਇਰ ਹੋਇਆ, ਦਾ ਵੇਰਵਾ | ਬਿਨੈਕਾਰ ਵਿਰੁੱਧ ਕੋਰਟ ਕੇਸ/ਵਿਭਾਗੀ ਜਾਂਚ/ਵਿਜੀਲੈਂਸ ਕੇਸ, ਜੇਕਰ ਚੱਲ ਰਿਹਾ ਹੋਵੇ, ਤਾਂ ਉਸ ਸਬੰਧੀ ਵੇਰਵਾ |
|---|---|---|---|---|
| | | | | |
| | | | | |

ਮਿਤੀ: ਬਿਨੈਕਾਰ ਦੇ ਹਸਤਾਖਰ

ਸਥਾਨ: